website/ Notice Board

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ

(ਵਜੀਫਾ ਸਾਖਾ)

ਵੱਲ,

**ਸਮੂਹ ਮੰਡਲ ਸਿੱਖਿਆ ਅਫਸਰ (ਸੈ:ਸਿ)**
**ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ)**
**ਸਮੂਹ ਪ੍ਰਿੰਸੀਪਲ/ ਸਕੂਲ ਮੁੱਖੀ,**

ਮੀਮੋ ਨੰ: 16/25-2010 ਵਜੀਫਾ(6)
ਮਿਤੀ: 6-1-15

ਵਿਸ਼ਾ- ਪ੍ਰੀ ਮੈਟ੍ਰਿਕ , ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮਾਂ ਅਧੀਨ ਅਨੁਸੂਚਿਤ ਜਾਤੀਆਂ , ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਸਮੂਹ ਵਿਦਿਆਰਥੀਆਂ ਨੂੰ ਸਕਾਲਰਸਿਪ ਲਈ ਰਜਿਸਟਰ ਕਰਵਾਉਣ ਸਬੰਧੀ।

ਹਵਾਲਾ- ਮੁੱਖ ਸਕੱਤਰ ਪੰਜਾਬ ਸਰਕਾਰ ਦੇ ਅ.ਸ.ਪੱ.ਨੰ: ਸੀ.ਐਸ.ਓ./14/358828/2 ਮਿਤੀ 4- 12-14 ਅਤੇ ਪੰਜਾਬ ਸਰਕਾਰ ਵੈਲਫੇਅਰ ਵਿਭਾਗ ਦੇ ਅ.ਸ.ਪੱ.ਨੰ: 2202 ਮਿਤੀ 21-11-14 ਸਬੰਧੀ।

ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਜੋ ਕਿ ਮੁੱਖ ਸਕੱਤਰ ਪੰਜਾਬ, ਸਰਕਾਰ ਵੱਲੋਂ ਪ੍ਰਾਪਤ ਹੋਇਆ ਹੈ ਜਿਸ ਵਿੱਚ ਉਹਨਾਂ ਵੱਲੋਂ ਲਿਖਿਆ ਗਿਆ ਹੈ ਕਿ ਪ੍ਰੀ ਮੈਟ੍ਰਿਕ , ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮਾਂ ਅਧੀਨ ਅਨੁਸੂਚਿਤ ਜਾਤੀਆਂ , ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਸਮੂਹ ਵਿਦਿਆਰਥੀਆਂ ਦੇ ਵਜੀਫੇ ਦੀ ਰਾਸੀ ਉਹਨਾਂ ਦੇ ਬੈਕ ਖਾਤਿਆ ਵਿੱਚ ਡੀ.ਬੀ.ਟੀ.ਸਿਸਟਮ ਰਾਹੀ ਸਾਲ 2014-15 ਤੋਂ ਸਿੱਧੇ ਪਾਈ ਜਾਵੇ। ਇਹਨਾਂ ਸਕੀਮਾਂ ਅਧੀਨ ਵਿਦਿਆਰਥੀਆਂ ਦਾ ਅਕਾਉਟ ਨੰਬਰ ਉਹਨਾਂ ਦੇ ਨਾ ਤੇ ਹੋਣਾ ਚਾਹੀਦਾ ਹੈ। ਪ੍ਰੰਤੂ ਕਲਾਸ 1 ਤੋਂ 8ਵੀ ਤੱਕ ਦੇ ਵਿਦਿਆਰਥੀ ਆਪਣੇ ਮਾਪਿਆ ( ਪਹਿਲ ਦੇ ਆਧਾਰ ਤੇ ਮਾਤਾ) ਦੇ ਨਾ ਬੈਕ ਅਕਾਉਟ ਵੀ ਵਰਤ ਸਕਦੇ ਹਨ। ਇਸ ਸਿਸਟਮ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਵਿਦਿਆਰਥੀਆਂ ਦੇ ਬੈਂਕ ਅਕਾਉਟ ਨੂੰ ਆਧਾਰ ਨੰਬਰ ਨਾਲ ਜੋੜਨ ਦੀ ਲੋੜ ਹੈ।

ਇਸ ਲਈ ਉਪਰੋਕਤ ਸਬੰਧੀ ਆਪ ਨੂੰ ਅਗਲੇਰੇ ਵਿਦਿਅਕ ਸੈਸਨ ਸਾਲ 2015-16 ਲਈ ਪਹਿਲਾਂ ਤੋਂ ਹੀ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਸਕੀਮਾਂ ਵਿੱਚ ਸਕਾਲਰਸਿਪ ਦੀ ਰਾਸੀ ਸਹੀ ਢੰਗ ਨਾਲ ਸਹੀ ਬੈਕ ਖਾਤਿਆ ਵਿੱਚ ਯੋਗ ਲਾਭਪਾਤਰੀਆਂ ਨੂੰ ਭੇਜੀ ਜਾਵੇ। ਇਸ ਕੰਮ ਨੂੰ ਪੂਰਾ ਕਰਨ ਲਈ ਮੁੱਖ ਤੌਰ ਤੇ ਹੇਠ ਲਿਖਿਆ ਗੱਲਾਂ ਦਾ ਧਿਆਨ ਰੱਖਣਾ ਲਾਜਮੀ ਹੈ।

1. Enrollment and issue of aadhar to all eligible students.
2. Opening of bank accounts and
3. Seeding of the Aadhaar with the bank accounts.

ਮਾਨਯੋਗ ਉਪ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 6-12-14 ਨੂੰ ਹੋਈ ਮੀਟਿੰਗ ਵਿੱਚ ਇਹ ਤੱਥ ਸਾਹਮਣੇ ਆਏ ਹਨ ਕਿ ਸਿੱਖਿਆ ਸੰਸਥਾਵਾ ਵਿੱਚ ਵਿਦਿਆਰਥੀਆਂ ਦੀ ਹੋਈ ਇੰਨਰੋਲਮੈਂਟ ਦੇ ਮੁਕਾਬਲੇ ਸਕਾਲਰਸਿਪ ਲਈ ਰਜਿਸਟਰ ਹੋਏ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫੀ ਫਰਕ ਹੈ।

ਆਪ ਨੂੰ ਲਿਖਿਆ ਜਾਂਦਾ ਹੈ ਕਿ ਇਹਨਾਂ ਸਕੀਮਾਂ ਅਧੀਨ ਆਉਂਦੇ ਵਿਦਿਆਰਥੀਆਂ ਨੂੰ ਇੰਨਰੋਲਮੈਂਟ ਅਨੁਸਾਰ ਸਕਾਲਰਸਿਪ ਲਈ ਰਜਿਸਟਰ ਕਰਵਾਇਆ ਜਾਵੇ ਅਤੇ ਇਹਨਾਂ ਵਰਗਾਂ ਦੇ ਵਿਦਿਆਰਥੀਆਂ ਦੇ ਸਕਾਲਰਸਿਪ ਲਈ ਬੈਂਕਾਂ ਵਿੱਚ ਖਾਤੇ ਖੁਲਵਾਏ ਜਾਣ ਤਾਂ ਜੋ ਕੋਈ ਯੋਗ ਵਿਦਿਆਰਥੀ ਇਹਨਾਂ ਸਕੀਮਾਂ ਦਾ ਲਾਭ ਲੈਣ ਤੋਂ ਵਾਂਝਾ ਨਾ ਰਹਿ ਜਾਵੇ।

6/1/15

**ਵਿਸੇਸ ਕਾਰਜ ਅਫਸਰ (ਵਜੀਫਾ)**